# ਵਰਲਡ ਪੰਜਾਬੀ ਟਾਈਮਜ਼

## WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com


Mob: 7973333573, +1 (418) 887-0162

Epaper World Punjabi Times | 22 ਅਪ੍ਰੈਲ 2024 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮੀਟਿੰਗ ਵਿਚ ਚਾਰ ਸ਼ਾਇਰਾਂ ਦੀਆਂ ਕਿਤਾਬਾਂ ਰਿਲੀਜ਼

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 22 ਅਪ੍ਰੈਲ : ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮੀਟਿੰਗ ਬੀਤੇ ਦਿਨ ਮੰਚ ਦੇ ਪ੍ਰਧਾਨ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੰਚ ਵੱਲੋਂ 19 ਮਈ ਨੂੰ ਕਰਵਾਈ ਜਾ ਰਹੀ ਸੰਗੀਤਕ ਸ਼ਾਮ ਦੇ ਪ੍ਰੋਗਰਾਮ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਮੀਟਿੰਗ ਵਿਚ ਪੰਜਾਬੀ ਸ਼ਾਇਰੀ ਦੀਆਂ ਚਾਰ ਨਵ-ਪ੍ਰਕਾਸ਼ਿਤ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ।



ਗ਼ਜ਼ਲ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਮੰਚ ਵੱਲੋਂ 19 ਮਈ 2024 ਨੂੰ ਰਿਫਲੈਕਸ਼ਨ ਬੈਂਕੁਇਟ ਹਾਲ ਸਰੀ ਵਿਖੇ ਗ਼ਜ਼ਲ ਗਾਇਕੀ ਦਾ ਸੰਗੀਤਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਅਮਰੀਕਾ ਤੋਂ ਨਾਮਵਰ ਗ਼ਜ਼ਲ ਗਾਇਕ ਸੁਖਦੇਵ ਸਾਹਿਲ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਤੋਂ ਇਲਾਵਾ ਅਮਰੀਕਾ ਦੇ ਹੀ ਗ਼ਜ਼ਲ ਗਾਇਕ ਮੇਸ਼ੀ ਬੰਗੜ, ਸਰੀ ਦੇ ਨੌਜਵਾਨ ਗਾਇਕ ਪਰਖਜੀਤ ਅਤੇ ਡਾ. ਰਣਦੀਪ ਮਲਹੋਤਰਾ ਆਪਣੇ ਸੁਰੀਲੇ ਸੁਰਾਂ ਨਾਲ ਸਰੋਤਿਆਂ ਨੂੰ ਸਰਸ਼ਾਰ ਕਰਨਗੇ। ਇਹ ਪ੍ਰੋਗਰਾਮ ਸੰਗੀਤ ਪ੍ਰੇਮੀਆਂ ਲਈ ਬਿਲਕੁਲ ਫਰੀ ਹੋਵੇਗਾ।

ਉਨ੍ਹਾਂ ਦੱਸਿਆ ਕਿ ਮੰਚ ਦੇ ਮੈਂਬਰ ਪ੍ਰੀਤ ਮਨਪ੍ਰੀਤ ਰਾਹੀਂ ਚਾਰ ਸ਼ਾਇਰਾਂ ਦੀਆਂ ਨਵੀਆਂ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਗ਼ਜ਼ਲ ਮੰਚ ਨੂੰ ਮਿਲੀਆਂ ਹਨ ਅਤੇ ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਸਮੇਸ਼ ਗਿੱਲ ਫਿਰੋਜ਼, ਦਵਿੰਦਰ ਗੌਤਮ, ਕ੍ਰਿਸ਼ਨ ਭਨੋਟ ਅਤੇ ਜਸਵਿੰਦਰ ਨੇ ਇਨ੍ਹਾਂ ਪੁਸਤਕਾਂ ਨੂੰ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ। ਰਿਲੀਜ਼ ਕੀਤੀਆਂ ਗਈਆਂ ਇਨ੍ਹਾਂ ਪੁਸਤਕਾਂ ਵਿਚ ਰਾਜਿੰਦਰਜੀਤ ਦਾ ਗ਼ਜ਼ਲ ਸੰਗ੍ਰਹਿ 'ਸੂਲਾਂ ਸੇਤੀ ਰਾਤਿ', ਸੁਖਦੀਪ ਔਜਲਾ ਦਾ ਗ਼ਜ਼ਲ ਸੰਗ੍ਰਹਿ 'ਇਕ ਕਮਰੇ ਦਾ ਸ਼ਾਇਰ', ਗੁਰਜੰਟ ਰਾਜੇਆਣਾ ਦੀ ਕਾਵਿ-ਪੁਸਤਕ "ਸੁਲਫ਼ਦੇ ਸਫ਼ਰ 'ਤੇ' ਅਤੇ ਕੇਸਰ ਕਰਮਜੀਤ ਦਾ ਗ਼ਜ਼ਲ ਸੰਗ੍ਰਹਿ 'ਦਿਨ ਢਲੇ' ਸ਼ਾਮਲ ਹਨ। ਮੰਚ ਦੇ ਮੈਂਬਰਾਂ ਨੇ ਇਨ੍ਹਾਂ ਪੁਸਤਕਾਂ ਦੇ ਸ਼ਾਇਰਾਂ ਨੂੰ ਮੁਬਾਰਕਬਾਦ ਦਿੱਤੀ। ਨੌਜਵਾਨ ਸ਼ਾਇਰ ਸੁਖਦੀਪ ਔਂਜਲਾ ਨੂੰ ਮਰਹੂਮ ਮਹਿੰਦਰ ਸਾਥੀ ਐਵਾਰਡ ਲਈ ਚੁਣੇ ਜਾਣ 'ਤੇ ਮੰਚ ਦੇ ਮੈਂਬਰਾਂ ਨੇ ਖ਼ੁਸ਼ੀ ਪ੍ਰਗਟ ਕੀਤੀ ਅਤੇ ਸੁਖੀਪ ਔਂਜਲਾ ਨੂੰ ਵਧਾਈ ਦਿੱਤੀ।

## ਸਰੀ ਵਿਚ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

### ਲੱਖਾਂ ਦੀ ਗਿਣਤੀ ਵਿਚ ਸ਼ਾਮਲ ਹੋਏ ਸ਼ਰਧਾਲੂ – ਖਰਾਬ ਮੌਸਮ ਨੇ ਸਮਾਪਤੀ ਸਮਾਗਮ ਦਾ ਰੰਗ ਫਿੱਕਾ ਕੀਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 22 ਅਪ੍ਰੈਲ : ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਵਿਚ ਲੱਖਾਂ ਦੀ ਗਿਣਤੀ ਵਿਚ ਨੌਜਵਾਨ, ਬੱਚੇ ਅਤੇ ਬਜ਼ੁਰਗ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਾਮਲ ਹੋਏ। ਸ਼ਾਮ ਦੇ ਚਾਰ ਕੁ ਵਜੇ ਤੱਕ ਮੌਸਮ ਬਹੁਤ ਸੁਹਾਵਣਾ ਰਿਹਾ ਪਰ ਬਾਅਦ ਵਿਚ ਵਗੀ ਠੰਡੀ ਹਵਾ ਅਤੇ ਮੀਂਹ ਨੇ ਲੋਕਾਂ ਦੇ ਉਤਸ਼ਾਹ ਮੱਠਾ ਪਾ ਦਿੱਤਾ।ਇਹ ਨਗਰ ਕੀਰਤਨ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਸ਼ੁਰੂ ਹੋਇਆ ਅਤੇ 128 ਸਟਰੀਟ, 82 ਐਵੀਨਿਊ, 124 ਸਟਰੀਟ, 76 ਐਵੀਨਿਊ ਅਤੇ 128 ਸਟਰੀਟ ਹੁੰਦਾ ਹੋਇਆ ਵਾਪਸ ਗੁਰਦੁਆਰਾ ਦਸ਼ੇਮਸ਼ ਦਰਬਾਰ ਵਿਖੇ ਆ ਕੇ ਸੰਪੂਰਨ ਹੋਇਆ। ਸਰੀ ਦੇ ਵੱਖ ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸਿੰਘ ਗੱਤਕੇ ਦੇ ਜ਼ੌਹਰ ਦਿਖਾ ਰਹੇ ਸਨ। ਨਗਰ ਕੀਰਤਨ ਵਿਚ ਕੁਝ ਲੋਕਾਂ ਦੇ ਹੱਥਾਂ ਵਿਚ ਫੜ੍ਹੇ ਕੇਸਰੀ ਝੰਡੇ ਉਪਰ ਖਾਲਿਸਤਾਨ ਉਕਰਿਆ ਹੋਇਆ ਸੀ। ਨਗਰ ਕੀਰਤਨ ਦੇ ਪੂਰੇ ਰੂਟ ਉਪਰ ਕਾਰੋਬਾਰੀਆਂ, ਸ਼ਰਧਾਲੂਆਂ ਵੱਲੋਂ ਵੱਖ ਵੱਖ ਪਕਵਾਨਾਂ ਦੇ ਲੰਗਰ ਲਾਏ ਹੋਏ ਸਨ ਅਤੇ ਲੋਕ ਇਨ੍ਹਾਂ ਖਾਣਿਆਂ ਦਾ ਸਵਾਦ ਮਾਣ ਰਹੇ ਸਨ। ਸਰੀ ਵਿਚ ਚਲਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਸਟੇਜਾਂ ਸਜਾਈਆਂ ਗਈਆਂ ਸਨ ਜਿੱਥੋਂ ਗੁਰਬਾਣੀ ਦਾ ਕੀਰਤਨ ਚੱਲ ਰਿਹਾ ਸੀ, ਢਾਡੀਆਂ ਦੀਆਂ ਵਾਰਾਂ ਗੂੰਜ ਰਹੀਆਂ ਸਨ ਅਤੇ ਲੀਡਰਾਂ ਦੇ ਭਾਸ਼ਣ ਸੁਣਾਈ ਦੇ ਰਹੇ ਸਨ। ਇਕ ਪਾਸੇ ਕੇਸਰੀ ਦਸਤਾਰਾਂ ਸਜਾਈਆਂ ਜਾ ਰਹੀਆਂ ਸਨ, ਮੈਗਜ਼ੀਨ, ਅਖਬਾਰ, ਪੈਂਫਲਿਟ ਵੰਡੇ ਜਾ ਰਹੇ ਸਨ।






ਨਗਰ ਕੀਰਤਨ ਵਿਚ ਇਸ ਵਾਰ ਵੀ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸਤੀਸ਼ ਗੁਲਾਟੀ ਵੱਲੋਂ ਪੰਜਾਬੀ ਕਿਤਾਬਾਂ ਦੀ ਪ੍ਰਦਰਸ਼ਨੀ ਲਾ ਕੇ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਦਾ ਸੁਨੇਹਾ ਦਿੱਤਾ ਗਿਆ। ਸੈਂਕੜੇ ਪੁਸਤਕ ਪ੍ਰੇਮੀਆਂ ਨੇ ਇੱਥੋਂ ਕਿਤਾਬਾਂ ਖਰੀਦ ਕੇ ਸਤੀਸ਼ ਗੁਲਾਟੀ ਦੇ ਉਪਰਾਲੇ ਨੂੰ ਹੁੰਗਾਰਾ ਦਿੱਤਾ। ਪੰਜਾਬੀ ਦੇ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਨਾਮਵਰ ਚਿੱਤਰਕਾਰ ਜਰਨੈਲ ਸਿੰਘ, ਜਰਨਲਿਸਟ ਸੁਰਿੰਦਰ ਚਾਹਲ, ਪ੍ਰੋ. ਸ਼ੁਭਪ੍ਰੇਮ ਸਿੰਘ ਬਰਾੜ, ਕੁਲਵਿੰਦਰ ਕੁਲਾਰ, ਮੋਹਨ ਗਿੱਲ, ਮਿਸਜ਼ ਦਰਸ਼ਨ ਗਿੱਲ, ਮਿਸਜ਼ ਹਰਦਿਆਲ ਸਿੰਘ ਚੀਮਾ ਸਿਆਟਲ, ਰਣਧੀਰ ਢਿੱਲੋਂ, ਬਲਵਿੰਦਰ ਸਿੰਘ ਪੰਧੇਰ (ਫਿਨਲੈਂਡ), ਚਮਕੌਰ ਸਿੰਘ ਢਿੱਲੋਂ, ਨਵਦੀਪ ਗਿੱਲ। ਡਾ. ਸੁਖਵਿੰਦਰ ਵਿਰਕ ਅਤੇ ਹੋਰ ਕਈ ਸਾਹਿਤਕ ਸ਼ਖ਼ਸੀਅਤਾਂ ਨੇ ਪੁਸਤਕ ਪ੍ਰਦਰਸ਼ਨੀ ਵਿਚ ਹਾਜਰ ਹੋ ਕੇ ਸਤੀਸ਼ ਗੁਲਾਟੀ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਨਗਰ ਕੀਤਰਨ ਦੇ ਪ੍ਰਬੰਧਕਾਂ, ਸੇਵਾਦਾਰਾਂ, ਪੁਲਿਸ ਅਤੇ ਪ੍ਰਸਾਸ਼ਨ ਵੱਲੋਂ ਲੋਕਾਂ ਦੀ ਸਹੂਲਤ ਲਈ ਸੁਚਾਰੂ ਪ੍ਰਬੰਧ ਕੀਤੇ ਗਏ ਸਨ। ਬਿਜਲੀ ਦੀਆਂ ਤਾਰਾਂ ਵਿਚ ਇਕ ਕਰੇਨ ਡਿੱਗਣ ਨਾਲ ਵੀ ਸਮਾਪਤੀ ਸਮਾਗਮਾਂ ਵਿਚ ਕਾਫੀ ਵਿਘਨ ਪਿਆ ਰਿਹਾ। ਪ੍ਰਬੰਧਕਾਂ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਤਾ ਧੰਨਵਾਦ ਕੀਤਾ।

## ਗਿਆਨਦੀਪ ਮੰਚ ਵੱਲੋਂ ਪੁਸਤਕ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਬਲਬੀਰ ਜਲਾਲਾਬਾਦੀ

ਪਟਿਆਲਾ 22 ਅਪ੍ਰੈਲ : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿੰ) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿਖੇ ਇੱਕ ਸਾਹਿਤਕ ਸਮਾਗਮ ਰਚਾਇਆ ਗਿਆ ਜਿਸ ਵਿੱਚ ਡਾ ਜੀ ਐਸ ਅਨੰਦ ਦੇ ਨਵੇਂ ਛਪੇ ਰੁਬਾਈ ਸੰਗ੍ਰਹਿ "ਅਨੰਦ ਰਿਸ਼ਮਾਂ" ਨੂੰ ਲੋਕ ਅਰਪਣ ਕੀਤਾ ਗਿਆ। ਸਮਾਗਮ ਦਾ ਆਗਾਜ਼ ਕਰਦਿਆਂ ਮੰਚ ਦੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ ਨੇ ਲੇਖਕ ਦੀ ਰਚਨਾ ਪ੍ਰਕਿਰਿਆ ਅਤੇ ਉਹਨਾਂ ਦੇ ਵਿਅਕਤੀਤਵ ਬਾਰੇ ਰਸਮੀ ਜਾਣ-ਪਛਾਣ ਕਰਵਾਈ। ਸੰਤ ਸਿੰਘ ਸੋਹਲ (ਸਰਹਿੰਦ) ਵੱਲੋਂ ਪੁਸਤਕ 'ਤੇ ਭਾਵਪੂਰਤ ਪੇਪਰ ਪੜ੍ਹਿਆ ਗਿਆ। ਮੈਗਜ਼ੀਨ ਗੁਸਈਆਂ ਦੇ ਮੁੱਖ ਸੰਪਾਦਕ ਸ. ਕੁਲਵੰਤ ਸਿੰਘ ਨਾਰੀਕੇ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਸ. ਮਨਜੀਤ ਸਿੰਘ ਨਾਰੰਗ ਆਈ ਏ ਐਸ (ਰਿਟਾ) ਨੇ ਕਿਹਾ ਕਿ ਡਾ ਅਨੰਦ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਬੜੀ ਸ਼ਿੱਦਤ ਨਾਲ ਆਪਣੀਆਂ ਲਿਖਤਾਂ ਵਿੱਚ ਬਿਆਨ ਕਰਦੇ ਹਨ ਇਹ ਮਹੱਤਵਪੂਰਨ ਹੈ। ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਧਰਮ ਸਿੰਘ ਕੰਮੇਆਣਾ ਦਾ ਕਥਨ ਸੀ ਕਿ ਲੇਖਕ ਦੀਆਂ ਸੱਚੀਆਂ ਲਿਖਤਾਂ ਹੀ ਸਮਾਜ ਵਿੱਚ ਪ੍ਰਵਾਨ ਹੁੰਦੀਆਂ ਹਨ। ਪੁਸਤਕ ਸੰਬੰਧੀ ਉਪਰੋਕਤ ਤੋਂ ਇਲਾਵਾ ਡਾ ਹਰਮੀਤ ਕੌਰ ਅਨੰਦ, ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਅਮਰਜੀਤ ਸਿੰਘ ਜ਼ੋਹਰਾ ਪਬਲੀਕੇਸ਼ਨ, ਨਰਾਇਣ ਬਾਲਾ ਅਨੰਦ ਅਤੇ ਜਸਵੰਤ ਸਿੰਘ ਕੌਲੀ, ਐਡਵੋਕੇਟ ਤਾਰਾ ਸਿੰਘ ਭੰਮਰਾ ਅਤੇ ਸੁਖਮਿੰਦਰ ਸੇਖੋਂ ਨੇ ਵਿਚਾਰ ਸਾਂਝੇ ਕੀਤੇ। ਗਾਇਕ ਪਰਮ ਰੁਪਾਲ ਦਾ ਵਿਸਾਖੀ ਨੂੰ ਸਮਰਪਿਤ ਧਾਰਮਿਕ ਗੀਤ "ਤੇਰਾ ਸਿੰਘ ਬੋਲਿਆ" ਦਾ ਪੋਸਟਰ ਵੀ ਲੋਕ ਅਰਪਣ ਕੀਤਾ ਗਿਆ।







ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਕਵੀਆਂ ਵਿੱਚੋਂ ਕੁਲਵੰਤ ਸੈਦੋਕੇ, ਬਚਨ ਸਿੰਘ ਗੁਰਮ, ਦਰਸ਼ ਪਸਿਆਣਾ, ਚਰਨ ਪੁਆਧੀ, ਰਾਜਬੀਰ ਮੱਲ੍ਹੀ, ਨਵਦੀਪ ਮੁੰਡੀ, ਗੋਪਾਲ ਸ਼ਰਮਾਂ, ਜਸਵਿੰਦਰ ਖਾਰਾ, ਬਲਵਿੰਦਰ ਭੱਟੀ, ਕੁਲਦੀਪ ਕੌਰ ਧੰਜੂ, ਪਿੰਸੀ. ਮਨਜੀਤ ਕੌਰ, ਅਮਨਜੋਤ ਧਾਲੀਵਾਲ, ਦਵਿੰਦਰ ਪਟਿਆਲਵੀ, ਰਮਨਦੀਪ ਵਿਰਕ, ਪ੍ਰਭਾਤ ਵਰਮਾ ਸਮਾਣਾ, ਪ੍ਰਵੀਨ ਕੁਮਾਰ ਗਰਗ, ਬਲਵੰਤ ਸਿੰਘ ਬੱਲੀ, ਜਗਮਿੰਦਰ ਪਾਲ, ਰਾਮ ਸਿੰਘ ਬੰਗ, ਡਾ ਇੰਦਰ ਪਾਲ ਕੌਰ, ਪਿੰਸੀ ਮੋਹਣਜੀਤ ਸਿੰਘ, ਤਜਿੰਦਰ ਅਨਜਾਨਾ, ਹਰਦੀਪ ਸਿੰਘ ਸਨੌਰ,ਕਿਰਪਾਲ ਮੂਣਕ, ਸਤੀਸ਼ ਵਿਦਰੋਹੀ, ਰਵੇਲ ਸਿਧੂ ਪੁਸ਼ਪ, ਗੁਰਪ੍ਰੀਤ ਜਖਵਾਲੀ, ਮਨਮੋਹਣ ਸਿੰਘ ਨਾਭਾ, ਜਸਵਿੰਦਰ ਕੌਰ, ਬਲਵਿੰਦਰ ਕੌਰ ਥਿੰਦ,ਹਰਦੀਪ ਜੱਸੋਵਾਲ, ਅਮਨਪ੍ਰੀਤ ਕੌਰ, ਜੋਗਾ ਸਿੰਘ ਧਨੌਲਾ, ਜਗਤਾਰ ਨਿਮਾਣਾ, ਬਲਦੇਵ ਸਿੰਘ ਬਿੰਦਰਾ, ਕ੍ਰਿਸ਼ਨ ਧਿਮਾਨ, ਜੱਗਾ ਰੰਗੂਵਾਲ, ਸੁਖਵਿੰਦਰ ਆਹੀ, ਗੁਰਪ੍ਰੀਤ ਪਟਿਆਲਵੀ, ਸਤਨਾਮ ਸਿੰਘ ਮੱਟੂ, ਨਦੀਮ ਖਾਨ, ਤੋਂ ਇਲਾਵਾ ਗੋਪਾਲ ਸ਼ਰਮਾਂ, ਪੋਂ. ਜੀ ਕੇ ਵਸ਼ਿਸ਼ਟ, ਐਸ ਕੇ ਮਲਹੋਤਰਾ, ਪਿੰਸੀ ਪਰਵਿੰਦਰ ਸਿੰਘ, ਕਾਕਾ ਰਾਮ ਵਰਮਾ, ਹਰਜੀਤ ਸਿੰਘ ਸਾਹਨੀ, ਅਮਰਬੀਰ ਦੁਖੀ ਸਨੌਰ ਅਤੇ ਰਾਜੇਸ਼ ਕੋਟੀਆ,ਵੀ ਹਾਜ਼ਰ ਰਹੇ। ਵੀਡੀਓ ਅਤੇ ਫੋਟੋਗ੍ਰਾਫੀ ਦੇ ਫਰਜ਼ ਗੁਰਪ੍ਰੀਤ ਜਖਵਾਲੀ ਵੱਲੋਂ ਬਾਖੂਬੀ ਨਿਭਾਏ ਗਏ।

## ਸਰੀ ਦੀ ਨਾਮਵਰ ਸ਼ਖ਼ਸੀਅਤ ਜਸਵਿੰਦਰ ਦਿਲਾਵਰੀ 'ਕੁਈਨਜ਼ ਪਲੈਟੀਨਮ ਜੁਬਲੀ ਐਵਾਰਡ' ਨਾਲ ਸਨਮਾਨਿਤ

### ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਦਿੱਤੇ ਲੋੜੀਂਦੇ ਦਿਸ਼ਾ-ਨਿਰਦੇਸ਼

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 22 ਅਪ੍ਰੈਲ: ਸਰੀ ਦੇ ਵਿਦਿਅਕ, ਸਮਾਜਿਕ ਅਤੇ ਮੀਡੀਆ ਖੇਤਰ ਦੀ ਨਾਮਵਰ ਸ਼ਖ਼ਸੀਅਤ ਜਸਵਿੰਦਰ ਦਿਲਾਵਰੀ ਨੂੰ ਸਮਾਜਿਕ ਖੇਤਰ ਵਿਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਕੈਨੇਡਾ ਸਰਕਾਰ ਵੱਲੋਂ 'ਕੁਈਨਜ਼ ਪਲੈਟੀਨਮ ਜੁਬਲੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਬੀਤੇ ਦਿਨ ਸਰੀ ਵਿਖੇ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਨੇ ਉਸ ਨੂੰ ਪ੍ਰਦਾਨ ਕੀਤਾ। ਵਰਨਣਯੋਗ ਹੈ ਕਿ ਮਹਾਰਾਣੀ ਐਲਿਜ਼ਾਬੈਥ-II ਦੇ ਗੱਦੀ 'ਤੇ ਬਿਰਾਜਮਾਨ ਹੋਣ ਦੀ 70ਵੀਂ ਵਰ੍ਹੇਗੰਢ ਦਾ ਪ੍ਰਤੀਕ ਇਹ ਸਨਮਾਨ ਕੈਨੇਡਾ ਸਰਕਾਰ ਵੱਲੋਂ ਹਰ ਸਾਲ ਸਮਾਜ ਅਤੇ ਕਮਿਊਨਿਟੀ ਲਈ ਵਿਸ਼ੇਸ਼ ਸੇਵਾਵਾਂ ਨਿਭਾਉਣ ਵਾਲੀਆਂ 2 ਸ਼ਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ।





ਜ਼ਿਕਰਯੋਗ ਹੈ ਕਿ ਜਸਵਿੰਦਰ ਦਿਲਾਵਰੀ ਪਿਛਲੇ ਕਈ ਸਾਲਾਂ ਤੋਂ ਸਰੀ ਦੇ ਵਿਦਿਅਕ, ਸਮਾਜਿਕ ਅਤੇ ਪੱਤਰਕਾਰੀ ਵਿਚ ਆਪਣੀ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ ਅਤੇ ਕਮਿਊਨਿਟੀ ਦੇ ਕਾਰਜਾਂ ਵਿਚ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਦੇ ਰਿਹਾ ਹੈ। ਉਸ ਨੂੰ ਇਹ ਸਨਮਾਨ ਮਿਲਣ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਬੀਸੀ ਯੂਨਾਈਟਿਡ ਦੇ ਆਗੂ ਐਂਮ੍ਰਿਤਪਾਲ ਸਿੰਘ ਢੋਟ (ਡੈਲਟਾ), ਨੌਜਵਾਨ ਆਗੂ ਲਖਵੀਰ ਸਿੰਘ ਗਰੇਵਾਲ, ਕਰਮਜੀਤ ਬਾਠ, ਸ਼ਾਮ ਸ਼ਰਮਾ, ਹਰਮੀਤ ਮਨਕਾਟਲਾ, ਜਸਬੀਰ ਸਿੰਘ ਭਾਟੀਆ ਅਤੇ ਨਵਦੀਪ ਚਾਹਲ ਨੇ ਕਿਹਾ ਹੈ ਕਿ ਜਸਵਿੰਦਰ ਦਿਲਾਵਰੀ ਬਹੁਤ ਹੀ ਮਿਲਣਸਾਰ, ਸਹਿਯੋਗੀ, ਲੋੜਵੰਦਾਂ ਦੀ ਦਿਲੋਂ ਮਦਦ ਕਰਨ ਵਾਲਾ ਵਿਅਕਤੀ ਹੈ ਅਤੇ ਹਮੇਸ਼ਾ ਹਰ ਇਕ ਨੂੰ ਆਪਣੀ ਸਹੀ ਅਤੇ ਸੁਹਿਰਦ ਸਲਾਹ ਨਾਲ ਨਿਵਾਜਦਾ ਹੈ।ਜਸਵਿੰਦਰ ਦਿਲਾਵਰੀ ਨੇ ਇਹ ਐਵਾਰਡ ਮਿਲਣ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਉਹਦੇ ਲਈ ਬੇਹੱਦ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਸਰਕਾਰ ਵੱਲੋਂ ਉਸ ਦੇ ਨਿਮਾਣੇ ਜਿਹੇ ਕਾਰਜ ਨੂੰ ਮਾਨਤਾ ਦਿੱਤੀ ਗਈ ਹੈ। ਇਸ ਨੇ ਉਹਦਾ ਹੌਂਸਲਾ ਬੁਲੰਦ ਕੀਤਾ ਹੈ। ਉਸ ਨੇ ਕਿਹਾ ਕਿ ਉਹ ਹਮੇਸ਼ਾ ਆਪਣੀ ਮਾਨਵਵਾਦੀ ਪਹੁੰਚ ਅਨੁਸਾਰ ਸਮਾਜ ਵਿਚ ਕੁਝ ਕਰਨ ਲਈ ਕਾਰਜਸ਼ੀਲ ਰਹੇਗਾ।

## ਆਕਸਫੋਰਡ 'ਦੇ ਵਿਹੜੇ ਨੰਨੇ-ਮੁੰਨੇ ਵਿਦਿਆਰਥੀਆਂ ਦੇ ਫੈਨਸੀ ਡਰੈੱਸ ਮੁਕਾਬਲੇ ਦੀਆਂ ਲੱਗੀਆਂ ਰੌਣਕਾਂ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ, 22 ਅਪ੍ਰੈਰਲ : "ਦਾ ਆਕਸਫੋਰਡ ਸਕੂਲ ਆਫ਼ਓਮਪ; ਐਜੂਕੇਸ਼ਨ, ਭਗਤਾ ਭਾਈ ਕਾ"ਇਲਾਕੇ ਦੀ ਮੋਹਰੀ ਵਿੱਦਿਅਕ ਸੰਸਥਾ ਹੈ, ਜੋ ਅੱਜ ਕਿਸੇ ਜਾਣਕਾਰੀ ਦੀ ਮੁਥਾਜ ਨਹੀਂ ਹੈ। ਬੀਤੇ ਦਿਨੀ 19 ਅਪ੍ਰੈਲ 2024 ਨੂੰ ਇਸ ਸੰਸਥਾ ਵਿਖੇ ਪ੍ਰੀ-ਨਰਸਰੀ ਅਤੇ ਨਰਸਰੀ ਜਮਾਤ ਦੇ ਵਿਦਿਆਰਥੀਆਂ ਦਾ ਫੈਨਸੀ ਡਰੈਸ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਉਹਨਾਂ ਦੇ ਮਾਪਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਨੰਨੇ-ਮੁੰਨੇ ਵਿਦਿਆਰਥੀ ਵੱਖੋ-ਵੱਖਰੀਆਂ ਡਰੈਸਾਂ ਵਿੱਚ ਬੜੇ ਹੀ ਪਿਆਰੇ ਲੱਗ ਰਹੇ ਸਨ। ਕੋਈ ਵਿਦਿਆਰਥੀ ਅੰਬ ਦੀ ਪੁਸ਼ਾਕ ਵਿੱਚ, ਕੋਈ ਬੱਤਖ ਦੀ, ਕੋਈ ਪਰੀ, ਕੋਈ ਸਿਪਾਹੀ, ਕੋਈ ਟੋਮ-ਜੈਰੀ ਦੀ ਪੁਸ਼ਾਕ ਵਿੱਚ ਆਪਣੀ-ਆਪਣੀ ਭੂਮਿਕਾ ਨਿਭਾ ਰਹੇ ਸੀ।




ਜ਼ਿਕਰਯੋਗ ਹੈ ਕਿ ਇੰਨੇ ਛੋਟੇ ਵਿਦਿਆਰਥੀ ਵੀ ਪੂਰੇ ਆਤਮਵਿਸ਼ਵਾਸ ਨਾਲ ਆਪਣੀ ਭੂਮਿਕਾ ਨਿਭਾ ਰਹੇ ਸਨ। ਇਸ ਪ੍ਰੋਗਰਾਮ ਦੌਰਾਨ ਮਾਪਿਆ ਲਈ ਵੀ ਮਨੋਰੰਜਕ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਸੀ। ਜਿਵੇਂ ਬੱਚਿਆਂ ਦੀਆਂ ਮਾਤਾਵਾਂ ਲਈ ਬਿਨਾਂ ਹੱਥ ਲਾਏ ਬਿਸਕੁਟ ਖਾਣ ਦੀ ਪ੍ਰਤੀਯੋਗਤਾ, ਪਿਤਾ ਲਈ ਬਿਨਾਂ ਦੇਖੇ ਸਿਰਫ਼ ਹੱਥਾਂ ਦੀ ਛੂਹ ਨਾਲ ਆਪਣੇ ਬੱਚੇ ਨੂੰ ਪਹਿਚਾਨਣ ਦੀ ਪ੍ਰਤੀਯੋਗਤਾ ਅਤੇ ਬੱਚੇ ਦੀ ਪੂਰੀ ਫੈਮਿਲੀ ਭਾਵ ਮੰ◌ੰਮੀ, ਪਾਪਾ ਅਤੇ ਬੱਚੇ ਦੀ ਸਮੂਹਿਕ ਪ੍ਰਤੀਯੋਗਤਾ ਕਰਵਾਈ ਗਈ। ਮਾਪਿਆਂ ਵੀ ਇਹਨਾਂ ਗਤੀਵਿਧੀਆਂ ਵਿੱਚ ਭਾਗ ਲੈ ਕੇ ਬੜਾ ਆਨੰਦ ਮਾਣਿਆ। ਇਸ ਤੋਂ ਬਾਅਦ ਫੈਨਸੀ ਡਰੈੱਸ ਮੁਕਾਬਲੇ ਸ਼ੋਅ ਵਿੱਚ ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਤੇ ਆਏ ਵਿਦਿਆਰਥੀਆਂ ਨਾਇਹਾ ਸਿੰਗਲਾ, ਅਲੀਜ਼ਾ ਕੌਰ, ਫਤਿਹਵੀਰ ਸਿੰਘ ਅਤੇ ਪ੍ਰਭਨਦਰਵਰਦਾਨ ਸਿੰਘ ਨੂੰ ਇਨਾਮ ਦਿੱਤੇ ਗਏ। ਇਸ ਸੰਬੰਧੀ ਮੈਡਮ ਅਮਨ ਸੰਧਰ ਨਾਲ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਇਸ ਫੈਨਸੀ ਡਰੈੱਸ ਮੁਕਾਬਲੇ ਨੂੰ ਰੱਖਣ ਦਾ ਮਕਸਦ ਸ਼ੁਰੂ ਤੋਂ ਹੀ ਵਿਦਿਆਰਥੀਆਂ ਅੰਦਰ ਆਤਮ-ਵਿਸ਼ਵਾਸ, ਆਪਣਾ ਹੁਨਰ ਦੂਜਿਆਂ ਅੱਗੇ ਪੇਸ਼ ਕਰਨਾ ਆਦਿ ਗੁਣ ਵਿਕਸਿਤ ਕਰਨਾ ਹੈ। ਇਸ ਮੌਕੇ ਸਕੂਲ ਦੇ ਪਿੰ੍ਰਸੀਪਲ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਹੱਲਾਸ਼ੇਰੀ ਦਿੱਤੀ ਅਤੇ ਮਾਪਿਆਂ ਨਾਲ ਵਾਅਦਾ ਕੀਤਾ ਕਿ ਉਹ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਸਮੇਂ-ਸਮੇਂ ਤੇ ਇਹੋ ਜਿਹੇ ਉਪਰਾਲੇ ਕਰਦੇ ਰਹਿਣਗੇ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ'(ਵਾਈਸ ਚੇਅਰਮੈਨ), ਗੁਰਮੀਤ ਸਿਘ ਗਿੱਲ ਸਰਪਚ(ਵਿੱਤ-ਸਕੱਤਰ) ਵੀ ਮੌਜੂਦ ਸਨ।




## ਵਿੱਗਿਆਨਕ ਦ੍ਰਿਸ਼ਟੀ ਬਣਾਉਣਾ ਵਕਤ ਦੀ ਮੁੱਖ ਲੋੜ –ਤਰਕਸ਼ੀਲ

### ਤਰਕਸ਼ੀਲਾਂ ਵੱਲੋਂ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਦੀ ਮੰਗ

### ਪਰਿਵਾਰਕ ਮਿਲਣੀ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ



ਸੰਗਰੂਰ 22 ਅਪ੍ਰੈਲ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਇਕੱਤਰਤਾ ਜ਼ੋਨ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਸੀਤਾ ਰਾਮ ਬਾਦਲ ਕਲਾਂ ਤੇ ਗੁਰਦੀਪ ਸਿੰਘ ਲਹਿਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਸਮਾਜ ਵਿਚ ਦਿਨੋਂ ਦਿਨ ਵਧ ਰਹੀਆਂ ਮਾਨਸਿਕ ਸਮੱਸਿਆਵਾਂ ਉਨ੍ਹਾਂ ਦੇ ਹਲ ਸਬੰਧੀ ਵਿਸਥਾਰ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਵਿੱਚ ਵਿਚਾਰਿਆ ਗਿਆ ਕਿ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਨਾਲ ਸੰਬੰਧਿਤ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਵਲੋਂ ਆਯੋਜਿਤ ਕੀਤੇ ਜਾਂਦੇ ਸੈਮੀਨਾਰਾਂ ਅਤੇ ਸਟੱਡੀ ਸਰਕਲ ਦਾ ਹਿੱਸਾ ਬਣਾ ਕੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ।


ਤਰਕਸ਼ੀਲ ਮੈਗਜ਼ੀਨ ਸੁਸਾਇਟੀ ਦੀ ਵਿਗਿਆਨਕ ਵਿਚਾਰਧਾਰਾ ਦਾ ਮੁੱਖ ਬੁਲਾਰਾ ਹੋਣ ਦੇ ਨਾਤੇ ਇਸ ਨੂੰ ਹਰ ਪਿੰਡ,ਕਸਬੇ,ਲਾਇਬ੍ਰੇਰੀ,ਦਫਤਰ ਅਤੇ ਕਾਰਖਾਨਿਆਂ ਤਕ ਪਹੁੰਚਾਉਣ ਲਈ ਵਿਸ਼ੇਸ਼ ਯਤਨ ਜੁਟਾਉਣ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਵਿੱਚ ਵਿਚਾਰਿਆ ਗਿਆ ਕਿ ਤਰਕਸ਼ੀਲ ਕਾਰਕੁੰਨਾਂ ਵਿੱਚ ਚਿੰਤਨ, ਅਧਿਐਨ ਅਤੇ ਸਵੈ ਚਿੰਤਨ ਦੀ ਭਾਵਨਾ ਵਿਕਸਤ ਕਰਨ ਦੀ ਲੋੜ ਹੈ।ਤਰਕਸ਼ੀਲ ਕਾਰਕੁੰਨਾਂ ਵਿਚ ਸਮਰਪਣ ਅਤੇ ਚਿੰਤਨ ਦੀ ਭਾਵਨਾ ਪੈਦਾ ਕਰਨ ਲਈ ਵਿਗਿਆਨਕ ਸਾਹਿਤ ਦੇ ਇਲਾਵਾ ਵਿਰੋਧੀ ਵਿਚਾਰਧਾਰਾ ਦੇ ਸਾਹਿਤ ਦਾ ਅਧਿਐਨ ਕਰਨ ਦੀ ਵੀ ਲੋੜ ਹੈ ਤਾਂ ਕਿ ਵਿਰੋਧੀਆਂ ਵਲੋਂ ਫੈਲਾਏ ਜਾਂਦੇ ਗੁੰਮਰਾਹਕੁੰਨ ਫ਼ਿਰਕੂ ਪ੍ਰਚਾਰ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਵਾਬ ਦਿੱਤਾ ਜਾ ਸਕੇ।

ਮੀਟਿੰਗ ਵਿੱਚ ਭਾਰਤ ਵਿਚ ਧਰਮ ਅਤੇ ਰਾਜਨੀਤੀ ਨੂੰ ਵੱਖ ਕਰਨ,ਫ਼ਿਰਕੂ ਨਫ਼ਰਤੀ ਭਾਸ਼ਣ ਕਰਨ ਉਤੇ ਸਖ਼ਤ ਪਾਬੰਦੀ ਲਗਾਉਣ, ਤਰਕਸ਼ੀਲ ਆਗੂਆਂ ਅਤੇ ਸਮਾਜਿਕ ਕਾਰਕੁਨਾਂ ਉਤੇ ਧਾਰਾ 295 ਅਤੇ 295 ਏ ਹੇਠ ਦਰਜ ਝੂਠੇ ਅਤੇ ਨਜਾਇਜ਼ ਕੇਸਾਂ ਨੂੰ ਤੁਰੰਤ ਬਿਨਾਂ ਸ਼ਰਤ ਰੱਦ ਕਰਨ ਦੀ ਮੰਗ ਕਰਦਿਆਂ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਬਣਾਉਣ ਦੀ ਜ਼ੋਰਦਾਰ ਮੰਗ ਕੀਤੀ ਗਈ। ਮੀਟਿੰਗ ਵਿੱਚ 8 ਇਕਾਈਆਂ ਤੇ ਆਧਾਰਿਤ ਜ਼ੋਨ ਵੱਲੋਂ ਕਰਵਾਈ ਜਾਣ ਵਾਲ਼ੀ ਪਰਿਵਾਰਕ ਮਿਲਣੀ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਪਰਮਿੰਦਰ ਸਿੰਘ ਮਹਿਲਾਂ, ਸੁਖਵਿੰਦਰ ਸਿੰਘ,ਗੁਰਦੀਪ ਸਿੰਘ, ਕ੍ਰਿਸ਼ਨ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ ਨੇ ਸ਼ਮੂਲੀਅਤ ਕੀਤੀ।

## ਸਹਿਜ-ਸੁਖ਼ਨ ਕਵਿਤਾ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਮਨਮੋਹਨ ਸਿੰਘ ਦਾਊਂ ਪੰਜਾਬੀ ਦਾ ਸੁਹਜਵਾਦੀ ਲੇਖਕ ਹੈ। ਉਹਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿੱਚ ਲਿਖਿਆ ਹੈ, ਖਾਸ ਤੌਰ ਤੇ ਪੁਆਧ ਖਿੱਤੇ ਪ੍ਰਤੀ ਉਹਦੀ ਲਗਨ ਤੇ ਨਿਸ਼ਠਾ ਅਕੱਥ ਹੈ। ਮੁੱਖ ਤੌਰ ਤੇ ਉਹਦੇ ਅੰਦਰ ਇੱਕ ਕਵੀ-ਹਿਰਦਾ ਧੜਕਦਾ ਹੈ ਤੇ ਉਹਦੇ ਹੁਣ ਤੱਕ 13 ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਖਾਮੋਸ਼ ਚਸ਼ਮਾ (1971), ਦਰਦ ਸੰਗ ਦੋਸਤੀ (1975), ਮਿੱਟੀ ਦਾ ਰੁਦਨ (1986), ਰਾਤਾਂ ਪ੍ਰਭਾਤਾਂ (1988), ਅਗੰਮ ਅਗੋਚਰ (2003), ਸ਼ਾਇਰੀ ਦਾ ਸਰਵਰ (2007), ਸ਼ਾਇਰੀ ਸਾਗਰ (2011), ਉਦਾਸੀਆਂ ਦਾ ਬੂਹਾ : ਸੁਲੱਖਣੀ (2014), ਪੰਛੀ ਬਿਰਖ ਸੁਹਾਵੜਾ (2016), ਤਿੱਪ ਤੇ ਕਾਇਨਾਤ (2018), ਚਾਨਣ ਦੀ ਪੈੜ (2019), ਸਮਿਆਂ ਦੇ ਨਾਇਕ (2020) ਅਤੇ ਧਰਤੀ ਦੀ ਕੰਬਣੀ (2024)। ਇਨ੍ਹਾਂ 'ਚੋਂ ਦੋ ਕਿਤਾਬਾਂ 'ਸ਼ਾਇਰੀ ਸਾਗਰ' ਅਤੇ 'ਪੰਛੀ ਬਿਰਖ ਸੁਹਾਵੜਾ' ਇਨਾਮੀ ਹਨ। ਉਹਦੀਆਂ ਕਾਵਿ-ਕਿਤਾਬਾਂ ਦੇ ਨਾਵਾਂ ਤੋਂ ਪਤਾ ਲੱਗਦਾ ਹੈ ਕਿ ਉਹਦੇ ਜ਼ਿਹਨ 'ਚ ਕਿਤੇ ਨਾ ਕਿਤੇ ਪ੍ਰਕਿਰਤੀ ਮੌਜੂਦ ਹੈ ਤੇ ਉਹਦੀਆਂ ਵਧੇਰੇ ਕਿਤਾਬਾਂ ਪ੍ਰਾਕਿਰਤਕ ਜੀਵਨ ਦੇ ਆਲੇ-ਦੁਆਲੇ ਨਾਲ ਵਾਬਸਤਾ ਹਨ।

ਰੀਵਿਊ ਅਧੀਨ ਕਾਵਿ ਸੰਗ੍ਰਹਿ (ਧਰਤੀ ਦੀ ਕੰਬਣੀ,ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ, ਪੰਨੇ 144, ਮੁੱਲ250/-) ਇਸੇ ਸਾਲ ਫਰਵਰੀ ਦੇ ਮਹੀਨੇ ਪ੍ਰਕਾਸ਼ਿਤ ਹੋਇਆ ਹੈ, ਜਿਸ ਵਿੱਚ ਕੁੱਲ 76 ਕਵਿਤਾਵਾਂ ਹਨ। ਇਨ੍ਹਾਂ ਨੂੰ ਉਹਨੇ ਤਿੰਨ ਭਾਗਾਂ- ਪਹਿਲਾ, ਦੂਜਾ ਤੇ ਤੀਜਾ ਸਰਗ ਵਿੱਚ ਵੰਡ ਕੇ ਕ੍ਰਮਵਾਰ 'ਚਿੰਤਨ ਤੇ ਸੰਵੇਦਨਾ ਸੰਗ ਤੁਰਦੇ ਤੁਰਦੇ', 'ਅਤੀਤ ਦੀ ਖਿੜਕੀ' ਅਤੇ 'ਨਿੱਕੀਆਂ ਕਵਿਤਾਵਾਂ- ਵਰਤਮਾਨ ਨਾਲ ਗੱਲਾਂ' ਹੇਠ ਸਿਰਜਿਆ ਹੈ। ਇਨ੍ਹਾਂ ਵਿੱਚ ਕ੍ਰਮਵਾਰ 40, 10 ਅਤੇ 26 ਕਵਿਤਾਵਾਂ ਸ਼ਾਮਲ ਹਨ।

ਇਸ ਸੰਗ੍ਰਹਿ ਦੀ ਇੱਕ ਹੋਰ ਵਿਲੱਖਣਤਾ ਇਹ ਵੀ ਹੈ ਕਿ ਇਹ ਆਮ ਕਿਤਾਬੀ-ਸਾਈਜ਼ ਵਿੱਚ ਨਹੀਂ ਛਾਪੀ ਗਈ, ਸਗੋਂ ਪੋਥੀ-ਸਾਈਜ਼ ਵਿੱਚ ਪ੍ਰਕਾਸ਼ਿਤ ਹੋਈ ਹੈ। ਸਰਵਰਕ ਬੜਾ ਸੁਹਜਮਈ ਹੈ। ਅੰਤਿਮ ਸਰਵਰਕ ਤੇ ਲੇਖਕ ਦੀ ਫੋਟੋ ਸਮੇਤ ਇੱਕ ਕਵਿਤਾ ਹੈ- ਦਰਦਾਂ ਦੀ ਚੁਟਕੀ। ਹਰ ਸਰਗ ਦੀਆਂ ਕਵਿਤਾਵਾਂ ਤੋਂ ਪਹਿਲਾਂ ਚੌਬਰਗੇ ਵਜੋਂ ਤੁਕਾਂਤਬੱਧ ਕਾਵਿ-ਪੰਕਤੀਆਂ ਹਨ। ਤੇ ਇਸ ਤਰ੍ਹਾਂ ਸੰਗ੍ਰਹਿ ਵਿੱਚ 76+3+1=80 ਕਵਿਤਾਵਾਂ ਹਨ।

ਭੂਮਿਕਾ ਵਜੋਂ ਲਿਖੇ ਸੰਖਿਪਤ ਪ੍ਰਾਕਥਨ ਵਿੱਚ ਕਵੀ ਨੇ ਦੇਸ-ਪਰਦੇਸ ਵਿੱਚ ਵਾਪਰਦੀਆਂ ਚਿੰਤਾਜਨਕ ਘਟਨਾਵਾਂ, ਅਣਮਨੁੱਖੀ ਵਰਤਾਰਿਆਂ, ਪੰਜਾਬੀ ਸੰਸਕ੍ਰਿਤੀ, ਤਹਿਜ਼ੀਬ, ਰਹਿਤਲ ਅਤੇ ਕਵਿਤਾ ਦੇ ਕਰਤਾਰੀ ਕਰਮ ਨੂੰ ਰੇਖਾਂਕਿਤ ਕੀਤਾ ਹੈ। ਉਂਜ ਤਾਂ ਸੰਗ੍ਰਹਿ ਦੀਆਂ ਸਾਰੀਆਂ ਹੀ ਕਵਿਤਾਵਾਂ ਛੋਟੀਆਂ ਹਨ ਪਰ ਪੁਸਤਕ ਦੇ ਤੀਜੇ ਭਾਗ ਦੀਆਂ ਕਵਿਤਾਵਾਂ ਹੋਰ ਵੀ ਛੋਟੀਆਂ ਹਨ ਤੇ ਕੁਝ ਇੱਕ ਤਾਂ 6-6 ਪੰਕਤੀਆਂ ਦੀਆਂ।

ਦਾਊਂ ਨੇ ਵਿਸ਼ਵ ਸਾਹਿਤ ਦੇ ਨਾਲ ਨਾਲ ਪੰਜਾਬੀ ਸਾਹਿਤ, ਖਾਸ ਤੌਰ ਤੇ ਦੇਸ਼-ਵਿਦੇਸ਼ 'ਚ ਰਚੀ ਜਾ ਰਹੀ ਪੰਜਾਬੀ ਕਵਿਤਾ ਦਾ ਡੂੰਘਾ ਅਧਿਐਨ ਕੀਤਾ ਹੈ ਤੇ ਉਹਨੂੰ ਪਤਾ ਹੈ ਕਿ ਕਵਿਤਾ ਮਹਿਜ਼ ਸ਼ਬਦਾਂ/ਅੱਖਰਾਂ ਦਾ ਚਮਤਕਾਰ ਹੀ ਨਹੀਂ ਹੈ, ਇਸ 'ਚੋਂ ਵਕ੍ਰੋਕਤੀ ਤੇ ਵਿਸ਼ਿਸ਼ਟਤਾ ਵੀ ਪ੍ਰਗਟ ਹੋਣੀ ਚਾਹੀਦੀ ਹੈ। ਇਸ ਪੱਖੋਂ ਉਹਦੀ 19 ਪੰਕਤੀਆਂ ਵਿੱਚ ਰਚੀ ਇੱਕ ਕਵਿਤਾ 'ਤੌਲੀਆ' ਨੇ ਮੈਨੂੰ ਖਾਸ ਤੌਰ ਤੇ ਆਕਰਸ਼ਿਤ ਕੀਤਾ ਹੈ:

ਬਾਥਰੂਮ 'ਚ ਨਹਾਉਣ ਵੇਲੇ
ਮੈਂ ਅਤੇ ਤੌਲੀਆ
ਇੱਕ-ਮਿੱਕ ਹੋ ਜਾਂਦੇ ਹਾਂ
ਆ ਆਪਾਂ ਵੀ
ਇੰਜ ਹੀ ਮਿਲੀਏ
ਦੂਰੀ ਰਹੇ ਨਾ ਵਿਚਕਾਰ।
ਧੁੱਪੇ ਸੁੱਕਦੇ ਤੌਲੀਏ ਨੂੰ
ਉਹ ਨੀਝ ਲਾ ਤੱਕਣ ਲੱਗਦੀ ਹੈ। (138)

'ਥਰਮਸ' ਕਵਿਤਾ ਵਿੱਚ ਵੀ ਮੈਨੂੰ 'ਤੌਲੀਆ' ਵਰਗੀ ਕੈਫ਼ੀਅਤ ਤੈਰਦੀ ਨਜ਼ਰ ਆਈ ਹੈ:
"ਕਿੰਨੇ ਠੰਢੇ ਹੱਥ ਨੇ"
ਉਹ ਬੋਲੀ।
"ਦਿਲ ਤਾਂ ਥਰਮਸ 'ਚ ਪਾਏ
ਦੁੱਧ ਵਾਂਗ ਗਰਮ ਐ।"
(136)

ਇਨ੍ਹਾਂ ਕਵਿਤਾਵਾਂ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਇਹ ਕਿਸੇ ਛਿਣ ਵਿੱਚ ਵਾਪਰੇ ਰਹੱਸਾਤਮਕ ਅਨੁਭਵ ਦਾ ਵਰਤਾਰਾ ਹੈ, ਜਿਨ੍ਹਾਂ ਨੂੰ ਲਿਖਣ ਲਈ ਕਵੀ ਨੇ ਕੋਈ ਉਚੇਚ ਨਹੀਂ ਕੀਤੀ। ਅਜਿਹੇ ਵਰਤਾਰੇ ਨੂੰ ਵਰਡਜ਼ਵਰਥ "spontaneous overflow of our powerful feelings" ਕਹਿੰਦਾ ਹੈ।

ਦਾਊਂ ਦੀਆਂ ਬਹੁਤੀਆਂ ਕਵਿਤਾਵਾਂ ਚਿਹਨਮਈ/ਪ੍ਰਤੀਕਮਈ ਹਨ ਤੇ ਇਨ੍ਹਾਂ ਨੂੰ ਸਿੱਧੇ-ਸਾਦੇ ਸ਼ਬਦਾਂ ਵਿੱਚ ਨਹੀਂ ਸਮਝਿਆ ਜਾ ਸਕਦਾ। ਦਰਅਸਲ ਅਜਿਹੀਆਂ ਕਵਿਤਾਵਾਂ ਵਿੱਚ ਉਹ ਕਿਸੇ ਅਦਿੱਖ ਚੀਜ਼ ਵੱਲ ਸੰਕੇਤ ਕਰ ਰਿਹਾ ਹੁੰਦਾ ਹੈ। ਜਿਵੇਂ:

ਅੰਬਰ ਤੇ ਉਡਦੀ ਘੁੱਗੀ

'ਪਿਕਾਸੋ' ਨੂੰ ਯਾਦ ਕਰਾਉਂਦੀ (16)

ਸ਼ਾਇਰੀ ਉਦਾਸੀਆਂ ਲਈ ਗਾਉਂਦੀ ਰਬਾਬ ਹੈ (25)

'ਕੁਝ ਸੋਚੀਏ ਦੇਸ ਪੰਜਾਬ ਲਈ' (30-31) ਇਸ ਸੰਗ੍ਰਹਿ ਦੀ ਅਜਿਹੀ ਕਵਿਤਾ ਹੈ, ਜਿਸ ਰਾਹੀਂ ਕਵੀ ਦੀ ਆਪਣੇ ਵਤਨ, ਮਿੱਟੀ, ਪੰਜਾਬ ਪ੍ਰਤੀ ਬਿਹਬਲਤਾ ਪ੍ਰਗਟ ਹੋਈ ਹੈ। ਪੂਰੇ ਦੋ ਪੰਨਿਆਂ ਤੇ ਫੈਲੀ ਇਸ ਕਵਿਤਾ ਵਿੱਚ ਕਵੀ ਪੰਜਾਬ ਬਾਰੇ ਚਿੰਤਾ ਦੇ ਨਾਲ ਚਿੰਤਨ ਵੀ ਕਰਦਾ ਹੈ। ਧੀਆਂ, ਪਾਣੀਆਂ, ਪਰਦੇਸ ਜਾ ਰਹੇ ਬੱਚਿਆਂ, ਮਾਂ-ਬੋਲੀ, ਖੁਦਕੁਸ਼ੀਆਂ, ਕਿਰਤ, ਪ੍ਰਕਿਰਤੀ, ਸਭਿਆਚਾਰ ਆਦਿ ਪ੍ਰਤੀ ਡੂੰਘੀ ਸੰਵੇਦਨਾ ਨਾਲ ਲਬਰੇਜ਼ ਇਸ ਕਵਿਤਾ ਨੂੰ ਪੜ੍ਹਦਿਆਂ ਅੱਖਾਂ ਦਾ ਨਮ ਹੋਣਾ ਸੁਭਾਵਿਕ ਹੈ ਤੇ ਇਹੋ ਕਵਿਤਾ ਦਾ ਹਾਸਲ ਹੈ।

ਸੰਗ੍ਰਹਿ ਵਿਚਲੀਆਂ ਦੋ ਕਵਿਤਾਵਾਂ 'ਪੇਂਡੂ ਘਰ' (38-39) ਅਤੇ 'ਸ਼ਹਿਰੀ ਘਰ' (41-42) ਕ੍ਰਮਵਾਰ ਪਿੰਡ ਅਤੇ ਸ਼ਹਿਰ ਦੇ ਘਰ ਦੀ ਨਿਸ਼ਾਨਦੇਹੀ ਕਰਦੀਆਂ ਹਨ। ਜਿੱਥੇ ਪਹਿਲੀ ਕਵਿਤਾ ਵਿੱਚ ਚੁੱਲਾ-ਚੌਂਕਾ, ਓਟਾ, ਡਿਉਢੀ, ਦਲਾਨ, ਕੋਠੜੀ, ਵਿਹੜਾ, ਬੂਹਾ, ਖਿੜਕੀ, ਮੋਘਾ, ਚੁਬਾਰਾ, ਬੈਠਕ, ਟਾਂਟ, ਸਬਾਤ, ਝਲਿਆਨੀ, ਆਲ਼ੇ, ਆਲ਼ੀਆਂ, ਪੱਤੀ, ਬੀਹੀ, ਟੋਭਿਆਂ, ਖੂਹਾਂ, ਖੇੜਿਆਂ, ਬਾੜਿਆਂ, ਪਥਵਾੜਿਆਂ, ਜਮਾਬੰਦੀ ਜਿਹੇ ਸ਼ਬਦ ਅੱਜ ਦੀ ਪੀੜ੍ਹੀ ਲਈ ਓਪਰੇ ਹੀ ਨਹੀਂ, ਉੱਚਾਰਣ ਅਤੇ ਵਰਤੋਂ-ਵਿਹਾਰ ਪੱਖੋਂ ਵੀ ਮੁਸ਼ਕਿਲ ਹਨ, ਉੱਥੇ ਸ਼ਹਿਰੀ ਘਰ ਵਿੱਚ ਚੌਂਕ, ਕਲੋਨੀ, ਸਟਰੀਟ, ਮਹੱਲਾ, ਸੈਕਟਰ, ਕੋਠੀ, ਬੰਗਲਾ, ਕਾਲ-ਬੈੱਲ, ਡਰਾਇੰਗ ਰੂਮ, ਕਿਚਨ, ਵਾਸ਼ਰੂਮ, ਵੇਟਿੰਗ ਰੂਮ, ਗੈਸਟ ਰੂਮ, ਪਰਸਨਲ ਰੂਮ, ਬਾਰ ਕਾਰਨਰ, ਲਿਫਟਾਂ, ਪਰਦੇ, ਗਮਲੇ, ਗੇਟ, ਲੌਂਕ ਜਿਹੇ ਸ਼ਬਦ ਆਧੁਨਿਕ ਤਹਿਜ਼ੀਬ ਨਾਲ ਵਾਬਸਤਾ ਹਨ।


'ਪਰਵਾਸ ਦੀ ਦੌੜ' (43-45) ਵਿੱਚ ਇੰਜੀਨੀਅਰਿੰਗ, ਨਰਸਿੰਗ ਆਦਿ ਉਚੇਰੀਆਂ ਡਿਗਰੀਆਂ ਹਾਸਲ ਕਰ ਚੁੱਕੇ ਯੁਵਕ-ਯੁਵਤੀਆਂ ਆਈਲਟਸ ਕਰਨ ਪਿੱਛੋਂ ਜ਼ਮੀਨ ਵੇਚ ਕੇ, ਕਰਜ਼ਾ ਲੈ ਕੇ ਧੜਾਧੜ ਵਿਦੇਸ਼ ਜਾ ਰਹੇ ਹਨ, ਪਰ ਕਵੀ ਉਨ੍ਹਾਂ ਦੇ ਇਸ ਵਿਹਾਰ ਤੇ ਹੰਝੂ ਕੇਰਦਾ, ਖੁਰਦੇ ਤੇ ਖੋਖਲੇ ਹੁੰਦੇ ਜਾ ਰਹੇ ਪੰਜਾਬ ਦੀ ਸਲਾਮਤੀ ਲਈ ਉਨ੍ਹਾਂ ਨੂੰ ਏਥੇ ਹੀ ਰਹਿਣ ਦੀ ਅਪੀਲ ਸਮੇਤ ਧਰਤ-ਸੁਹਾਵੀ ਦੀ ਸੁਖ-ਸ਼ਾਂਤੀ ਲਈ ਅਰਦਾਸ ਕਰਦਾ ਹੈ। ਪਰਵਾਸ ਦੀ ਪੀੜਾ 'ਤੈਰਦੇ ਪੱਤੇ ਦੀ ਦਾਸਤਾਨ' (58-59), 'ਪ੍ਰਦੇਸ ਤੁਰਨ ਦਾ ਵੇਲਾ' (78-79) ਵਿੱਚ ਵੀ ਵਿਦਮਾਨ ਹੈ।

ਇਤਿਹਾਸ ਦੇ ਵਰਕੇ ਵੀ ਇਸ ਸੰਗ੍ਰਹਿ ਦਾ ਹਿੱਸਾ ਬਣੇ ਹਨ। ਜਿਸ ਵਿੱਚ 'ਮਰਜੀਵੜੀਆਂ' (53-54) ਕਵਿਤਾ ਪ੍ਰਮੁੱਖ ਹੈ। ਇਸ ਵਿੱਚ ਸ਼ਾਹੀਨ ਬਾਗ ਦੀਆਂ ਜੁਝਾਰੂ ਔਰਤਾਂ ਦੀ ਪਿੱਠ ਥਾਪੜੀ ਗਈ ਹੈ। 'ਮਨੀਪੁਰ ਅਣਮਨੁੱਖੀ ਤਾਂਡਵ' (88-89) ਵਿੱਚ ਧੀਆਂ ਦੀ ਅਸਮਤ ਤੇ ਚਿੰਤਾ ਹੈ। ਸੰਗ੍ਰਹਿ ਵਿਚਲੇ 'ਗੀਤ' (82-83) ਵਿੱਚ ਕਵੀ ਦਾ ਵਿਰਸੇ ਤੇ ਵਿਰਾਸਤ ਪ੍ਰਤੀ ਹਉਕਾ ਤੇ ਰੁਦਨ ਹੈ। 'ਗੀਤ' (84-85) ਵਿੱਚ ਅੰਨਦਾਤੇ ਦੀ ਬੇਬਸੀ ਹੈ।

ਗੁਰਬਾਣੀ, ਭਾਈ ਵੀਰ ਸਿੰਘ, ਸੂਫ਼ੀ ਕਵਿਤਾ ਵਿੱਚ ਵਰਤੇ ਸ਼ਬਦਾਂ ਦੀ ਅਨੁਗੂੰਜ ਕਿਤੇ-ਕਿਤੇ ਸੁਣੀਂਦੀ ਹੈ – ਵਰੰਦੇ, ਚੜ੍ਹੰਦੇ, ਤਪੰਦੇ, ਉਸਰੰਦੇ, ਥੀਵੰਦੇ, ਜਗੰਦੇ, ਵਟੰਦੀ, ਭਵੰਦੀ, ਰਾਤੜੀ; ਪੁਆਧੀ ਸ਼ਬਦ ਪੰਡੋਕਲੀ (51) ਜਾਂ ਫਿਰ ਹਿੰਡ (52), ਚਲੱਕੜ (56) ਆਦਿ। ਸਰਗ ਦੂਜਾ ਦੀਆਂ ਲੱਗਭੱਗ ਸਾਰੀਆਂ ਹੀ ਕਵਿਤਾਵਾਂ ਵਿੱਚ ਵਿਰਸੇ ਦੀਆਂ ਵਿੱਸਰੀਆਂ ਵਸਤਾਂ ਨੂੰ ਪੁਨਰ-ਜੀਵਤ ਕਰਨ ਦਾ ਆਹਰ ਹੈ – ਚੱਕੀ, ਕਟੋਰਾ, ਪੋਰ, ਚੁੱਲਾ, ਤੰਗਲੀ, ਮਿੱਟੀ ਦਾ ਡਲਾ ਆਦਿ ਪੇਂਡੂ ਸੰਸਕ੍ਰਿਤੀ ਨਾਲ ਜੁੜੀਆਂ ਚੀਜ਼ਾਂ ਹਨ, ਜੋ ਹੁਣ ਸ਼ਹਿਰੀਕਰਨ ਦੀ ਆੜ ਹੇਠਾਂ ਹੌਲੀ ਹੌਲੀ ਲੁਪਤ ਹੁੰਦੀਆਂ ਜਾ ਰਹੀਆਂ ਹਨ।

ਅਸਲ ਵਿੱਚ 'ਧਰਤੀ ਦੀ ਕੰਬਣੀ' ਕਵੀ ਦੇ ਕੋਮਲ ਅਹਿਸਾਸ ਹਨ, ਜਿਸ ਵਿੱਚ ਸਹਿਜ, ਸੁਹਜ, ਸੁਖ਼ਨ, ਸੰਬਲ ਦਾ ਓਗਾ ਹੈ; ਚਿੰਤਾ ਦੀ ਥਾਂ ਚਿੰਤਨ ਹੈ; ਕੁਦਰਤ ਨੂੰ ਗਲਵੱਕੜੀ ਹੈ; ਵਿਰਸੇ ਦੀਆਂ ਮੋਹ-ਭਿੱਜੀਆਂ ਯਾਦਾਂ ਹਨ। ਕਵੀ ਮਨਮੋਹਨ ਸਿੰਘ ਦਾਊਂ ਦੀ ਨਿਰਉਚੇਚ, ਭਾਵਨਾ-ਭਰਪੂਰ ਕਵਿਤਾ ਦਾ ਖ਼ੈਰ-ਮਕਦਮ!

## "ਤੋਪਿਆਂ ਵਾਲੀ ਕਮੀਜ"




ਕਿਤਾਬ:- ਤੋਪਿਆ ਵਾਲ਼ੀ ਕਮੀਜ (ਕਹਾਣੀ ਸੰਗ੍ਰਿਹ)

ਲੇਖਕ:- ਰਣਬੀਰ ਸਿੰਘ ਪ੍ਰਿੰਸ

ਸੰਪਰਕ:- 99151-41606

ਪਬਲੀਕੇਸ਼ਨ:- ਸਾਦਿਕ ਪਬਲੀਕੇਸ਼ਨਜ ਜੋਧਪੁਰ ਪਾਖਰ ( ਬਠਿੰਡਾ)

ਮੁੱਲ:- 200/- ਰੁਪਏ ਸਫੇ :- 104

"ਤੋਪਿਆਂ ਵਾਲੀ ਕਮੀਜ" ਕਹਾਣੀ ਸੰਗ੍ਰਿਹ ਹੋਣਹਾਰ ਕਵੀ ਤੇ ਕਹਾਣੀਕਾਰ ਰਣਬੀਰ ਸਿੰਘ ਪ੍ਰਿੰਸ ਜੀ ਦੀ ਪੰਜਾਬੀ ਸਾਹਿਤ ਜਗਤ ਨੂੰ ਪਲੇਠੀ ਦੇਣ ਹੈ । ਇਸ ਕਹਾਣੀ ਸੰਗ੍ਰਿਹ ਚ' 53 ਛੋਟੀਆਂ ਵੱਡੀਆ ਕਹਾਣੀਆਂ ਸਾਮਲ ਹਨ , ਜੋ ਸਾਨੂੰ ਸਮਾਜਿਕ ਅਲਾਮਤਾਂ ਤੋ ਸਾਨੂੰ ਜਾਣੂ ਕਰਵਾਉਦੀਆਂ ਹਨ ਤੇ ਓਨਾਂ ਦੇ ਹੱਲ ਵੱਲ ਤੋਰ ਦੀਆਂ ਹਨ । ਏਨਾਂ ਕਹਾਣੀਆਂ ਵਿੱਚ ਸਰਲ ਭਾਸ਼ਾ ਦੀ ਵਰਤੋ ਕੀਤੀ ਹੈ । ਜੋ ਆਮ ਪਾਠਕ ਦੀ ਸਮਝ ਵਿੱਚ ਆ ਜਾਂਦੀ ਹੈ ।

ਏਨਾਂ ਕਹਾਣੀਆਂ ਦੀਆ ਸਤਰਾਂ ਬਹੁਤ ਭਾਵਪੂਰਤ ਹਨ । ਹਰ ਕਹਾਣੀ ਚੋ' ਕਹਾਣੀਕਾਰ ਦੀ ਪ੍ਰੋੜਤਾ ਝਲਕਦੀ ਹੈ। ਕਹਾਣੀਕਾਰ ਦੀ ਹਰ ਕਹਾਣੀ ਸਾਨੂੰ ਕਿਸੇ ਨਾ ਕਿਸੇ ਪੱਖ ਤੋ ਸੋਚਣ ਲਈ ਮਜਬੂਰ ਕਰਦੀ ਹੈ ।

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਜੇਕਰ ਕਹਾਣੀਆਂ ਦੀ ਗੱਲ ਕਰੀਏ 'ਮੰਦੇ ਕੰਮੀ ਨਾਨਕਾ' ਕਹਾਣੀ ਸਾਨੂੰ ਕਿਸੇ ਦਾ ਬੁਰਾ ਨਾ ਕਰਨ ਦਾ ਸੰਦੇਸ਼ ਦਿੰਦੀ ਹੈ , 'ਕਰਣੀ ਵਾਲੇ ਸੰਤ ' ਕਹਾਣੀ ਸਾਨੂੰ ਵਹਿਮਾਂ ਭਰਮਾਂ ਤੋ ਦੂਰ ਰਹਿਣ ਤੇ ਲਾਲਚ ਵਸ ਪੈ ਠੱਗੇ ਨਾ ਜਾਣ ਦਾ ਸੁਨੇਹਾ ਦਿੰਦੀ ਹੈ । 'ਭੁੱਖ' ਪੈਸਿਆਂ ਦੇ ਵਧੇਰੇ ਲਾਲਚ ਤੋ ਦੂਰ ਰਹਿ , ਆਪਸੀ ਰਿਸ਼ਤਿਆ ਨੂੰ ਬਚਾਉਣ ਦੀ ਗੱਲ ਕਰਦੀ ਹੈ । 'ਸ਼ੱਕ ਦੀ ਮੌਤ' ਕਹਾਣੀ ਰੋਜ਼ਮਰਾਂ ਜਿੰਦਗੀ ਵਿੱਚ ਅਨੇਕਾਂ ਔਰਤਾਂ ਨੂੰ ਕਿਸੇ ਨਾ ਕਿਸੇ ਸ਼ੱਕ ਤਹਿਤ ਮਰਦ ਸਮਾਜ ਵੱਲੋਂ ਔਰਤ ਤੇ ਢਾਹੇ ਜਾਦੇ ਜਬਰ ਜੁਲਮ ਦਾ ਸੁਨੇਹਾ ਪਹੁੰਚਾਉਂਦੀ ਹੈ ।

ਇਸ ਕਹਾਣੀ ਸੰਗ੍ਰਿਹ ਵਿੱਚ ਕਹਾਣੀਕਾਰ ਨੇ ਬਹੁਤ ਸਾਰੀਆਂ ਕਹਾਣੀਆਂ ਔਰਤਾਂ ਦੇ ਪੱਖ ਨੂੰ ਸਾਹਮਣੇ ਰੱਖ ਕੇ ਲਿਖੀਆਂ ਹਨ। ਜਿਵੇ ਮੰਦੇ ਕੰਮੀ ਨਾਨਕਾ ,ਕਲੀਆਂ ਵਾਲੀ ਫਰਾਕ,ਚਾਬੀਆ ਵਾਲੀ ਫਰਾਕ,ਉੱਚਾ ਬੋਲ ਨਾ ਬੋਲੀਏ, ਰਿਸ਼ਤਿਆ ਦਾ ਘਾਣ, ਧੀਆਂ ਦਾ ਬਾਪ ਧੀ ਅੱਗੇ ਹਾਰਿਆ, ਸੁੰਨ੍ਹੇ ਗੁੱਟ ਦੀ ਰੱਖੜੀ,ਬੇਗਾਨੀ ਝਾਕ,ਕੁੜੀਆ ਤੇ ਚਿੜੀਆ, ਸਕੂਨ,ਸੂਰਤ/ਸੀਰਤ , ਧੀ ਹੋਣ ਦਾ ਅਹਿਸਾਸ ਤੇ ਮੌਕੇ ਤੇ ਚੌਕਾ ਆਦਿ । ਇਸੇ ਤਰਾਂ 'ਅਣਗਹਿਲੀ' ਕਹਾਣੀ ਸਾਨੂੰ ਸਮੇ ਦੀ ਕਦਰ ਕਰਨ ਦਾ ਸੁਨੇਹਾ ਦਿੰਦੀ ਹੈ ।

ਰਣਬੀਰ ਸਿੰਘ ਪ੍ਰਿੰਸ ਦੀ ਕਿਤਾਬ 'ਤੋਪਿਆ ਵਾਲੀ ਕਮੀਜ' ਟਾਈਟਲ ਕਹਾਣੀ ਅੱਤ ਦੀ ਗਰੀਬੀ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਇਸੇ ਨਾਲ ਮਿਲਦੀ ਜੁਲਦੀ ਕਹਾਣੀ 'ਪਾਟੀ ਪੈਂਟ' ਪੰਜਾਬ ਦੀ ਅੱਜ ਦੀ ਗਰੀਬੀ ਦਾ ਪੱਖ ਰੱਖਦੀ ਹੈ। 'ਕਸ਼ਮਕਸ਼' ਕਹਾਣੀ ਸਾਨੂੰ ਮਾਂ-ਬਾਪ ਨੂੰ ਬਿਰਧ ਆਸ਼ਰਮ ਨਾ ਭੇਜਣ ਦੀ ਪੱਖ ਪੂਰਦੀ ਕਰਦੀ ਹੈ । ਕੁੱਲ ਮਿਲਾ ਹਰ ਕਹਾਣੀ ਸਮਾਜਿਕ ਤਾਣੇ ਬਾਣੇ ਨਾਲ ਜੁੜੀ ਹੋਈ ਹੈ । ਹਰ ਕਹਾਣੀ ਦਾ ਪਾਤਰ ਆਪਣੇ-ਆਪ ਵਿਚ ਸੰਪੂਰਨ ਹੈ ।

ਰਣਬੀਰ ਸਿੰਘ ਪ੍ਰਿੰਸ ਇਕ ਸੰਵੇਦਨਸ਼ੀਲ ਕਵੀ ਤੇ ਕਹਾਣੀਕਾਰ ਹੈ । ਉਹ ਅਖਬਾਰ , ਮੈਗਜ਼ੀਨ ਤੇ ਸੋਸਲ ਮੀਡੀਆ ਦੇ ਮਾਧਿਅਮ ਰਾਹੀ ਪਾਠਕ ਵਰਗ ਨਾਲ ਜੁੜਿਆ ਰਹਿੰਦਾ ਅਤੇ ਸਮਾਜ ਵਿਚ ਆ ਰਹੀ ਗਿਰਾਵਟ ਦੀ ਗੱਲ ਸਾਂਝੀ ਕਰਦਾ ਰਹਿੰਦਾ ਹੈ । ਕਹਾਣੀ ਸੰਗ੍ਰਿਹ ' ਤੋਪਿਆ ਵਾਲੀ ਕਮੀਜ' ਦਾ ਮੈ ਇਸਤਬਾਲ ਕਰਦਾ ਹਾਂ । ਪ੍ਰਮਾਤਮਾ ਏਨਾ ਦੀ ਕਲਮ ਨੂੰ ਤਾਕਤ ਬਖਸੇ । ਆਮੀਨ

## ਜ਼ਿਹਨ ਅਤੇ ਅਸ਼ਲੀਲਤਾ




ਸ਼ਬਦ ਕਦੇ ਅਸ਼ਲੀਲ ਨੀ ਹੁੰਦੇ

ਤੇ ਨਾ ਹੀ ਦੋ ਅਰਥੇ ਤੇ ਲੁੱਚੇ

ਅਸ਼ਲੀਲ ਤਾਂ ਸਾਡੇ ਜ਼ਿਹਨ ਹੁੰਦੇ

ਜੋ ਸਿੱਧ ਪੱਧਰੇ ਸ਼ਬਦਾਂ ਨੂੰ

ਬਣਾਉਂਦੇ ਦੋ ਅਰਥੇ ਤੇ ਲੁੱਚੇ

ਕੋਹਝਾ ਦਿਮਾਗ ਵਕਤਾ ਬਣ

ਇਸ ਤਕਨੀਕ ਨਾਲ ਇੰਨ੍ਹਾਂ ਨੂੰ ਉਚਾਰੇ

ਕਿ ਰਹਿਣ ਨਾ ਦਿੰਦਾ ਸੁੱਚੇ

ਫਿਰ ਇਹ ਬਣ ਜਾਵਣ ਦੋ ਅਰਥੇ ਤੇ ਲੁੱਚੇ

ਸ਼ਬਦਾਂ ਦੇ ਅਰਥ ਅਰਥਾਂ ਵਿਚ ਨਾ ਹੋ

ਮਨੋਰਥਾਂ ਵਿਚ ਹੁੰਦੇ ਤੇ ਕੋਹਝੇ ਮਨੋਰਥ

ਭਾਸ਼ਾ ਨੂੰ ਬਣਾਉਣ ਦੋ ਅਰਥੇ ਤੇ ਲੁੱਚੇ

ਸ਼ਬਦ ਕਦੇ ......

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਹਰਦੀਪ ਸਿੰਘ ਸੰਗਰੂਰ

## " ਇਹੋ ਸਾਡਾ ਜੀਵਣਾ.......



ਵਰਲਡ ਪੰਜਾਬੀ ਟਾਈਮਜ਼
ਦੀਪ ਰੱਤੀ

ਧੀਆਂ ਨੂੰ,ਪੱਥਰ ਕਹਿ ਕੇ ਲਿਆ ਬੁਲਾ

ਧੀ ਜੰਮੇ ਤੇ, ਮੱਥੇ ਪਾਈਆਂ ਤਿਉੜੀਆਂ

ਬਕਸ਼ੀ ਹੋਈ ਦਾਤ ਨੂੰ,ਦਿੱਤਾ ਮਨੋ ਭੁਲਾ

ਕੁੱਖਾਂ ਵਿੱਚ ਕਰਨ ਇਹ ਦਿਨ ਕੱਟੀਆਂ,

ਕਦੋਂ ਬਦਲ ਜਾਣ ਫੈਸਲੇ—ਦੇਣ ਮੁਕਾ

ਰੂੜੀ ਤੇ ਸੁੱਟਣਾ ਜਾਂ ਕੁੱਖ—ਵਿੱਚ ਰੱਖਣਾ

ਇਹ ਵੀ ਦੱਸ ਸਕੇ ਨਾ,ਜੰਮਣ ਵਾਲੀ ਮਾਂ

ਕਿਹੜੇ ਪਾਪਾਂ ਦੀਆਂ, ਇਹ ਨੇ ਮਾਰੀਆਂ

ਲੱਗਦਾ ਰੱਬ ਦੇ ਮਾਰੇ ਹੋਣੇ, ਇੰਨਾਂ ਮਾਂਹ

ਇਹ ਜੰਮਣ ਤੋ ਪਹਿਲਾਂ ਤੇ ਬਾਅਦ ਵੀ

ਰਹਿਣ ਜ਼ਿੰਦਗੀ ,ਚ ਪੀੜਾਂ ਸਹਿੰਦੀਆਂ

ਕਿਸੇ ਚਿਹਰਿਆਂ ਤੇ—ਤੇਜ਼ਾਬ ਸੁੱਟਿਆ

ਕਿਸੇ ਦਾਜ ਪਿੱਛੇ, ਦੇਣਾ ਇੰਨਾਂ ਨੂੰ ਜਲਾ

ਸੁਨੇ ਰਾਹਾਂ ਦੇ ਵਿੱਚ ਰਹਿਣ ਉਡੀਕਦੇ

ਲੁਕ-ਛਿਪ ਬੈਠਣ ਜੋ ਰਾਖਸ਼ ਕਾਮੀ ਕਾਂ

ਕਹਿੰਦੇ, " ਪੁੱਤ ਹੁੰਦਾ— ਦੀਵਾ ਘਰ ਦਾ,

ਪਰ—ਗੱਲ ਚੇਤੇ ਰੱਖੋ ਓ,ਬੱਤੀ ਹੁੰਦੀ ਧੀ

ਕੱਲਾ ਦੀਵਾ—ਰੋਸ਼ਨੀ ਨਹੀ ਕਰ ਸਕਦਾ

ਬਿੰਨ ਬੱਤੀ ਦੇ—-ਦੀਵੇ ਦੀ ਔਕਾਤ-ਕੀ

ਉਂਜ ਕੰਜਕਾਂ ਨੂੰ—ਅਸੀ ਰਹਿੰਦੇ ਪੂਜਦੇ,

ਪਰ-ਕੁੱਖਾਂ ਵਿੱਚ ਰਹੇ ਹਾਂ ਕਤਲ ਕਰਾਂ

ਜਿਵੇਂ—ਛਿੜਕਾਅ ਕਰੀਏ, ਨਦੀਨ ਤੇ

ਦਿੱਤਾ ਜੜ੍ਹਾਂ ਤੋਂ—ਇੰਨਾਂ ਨੂੰ ਅਸਾਂ ਸੁਕਾ

ਧੀਆਂ ਤੋਂ ਬਿੰਨ—ਇਕੱਲੇ ਤੇਰੇ ਪੁੱਤਰਾਂ

ਦੱਸ—ਕਿਵੇਂ ਦੇਣਾ—ਵੰਸ਼-ਤੇਰਾ ਚਲਾ

ਔਰਤ ਹੀ ਔਰਤ ਦੀ, ਜਦ ਬਣੇ ਵੈਰੀ

ਹੋਰ ਦੱਸੋ ਕੌਣ ਕਰੇ, ਇਹਨਾਂ ਦਾ ਭਲਾ

ਪੁੱਤ—ਜੰਮੇ ਤੋਂ—ਗੁੜ-ਲੱਡੂ ਹਾਂ ਵੰਡਦੇ